ਫੇਫੜਿਆਂ ਦੀ ਸਕ੍ਰੀਨਿੰਗ ਯਾਦ-ਦਿਹਾਨੀ

Notice Date

Jane Sample
123 Example Street
City, Province, Postal Code

ਤੁਹਾਡੀ ਫੇਫੜਿਆਂ ਦੀ ਅਗਲੀ ਸਕ੍ਰੀਨਿੰਗ CT ਸਕੈਨ ਕਰਵਾਉਣ ਦਾ ਸਮਾਂ ਆ ਗਿਆ ਹੈ। ਫੇਫੜਿਆਂ ਦੀ ਸਕ੍ਰੀਨਿੰਗ ਕੈਂਸਰ ਨੂੰ ਸ਼ੁਰੂਆਤੀ ਪੜਾਅ ਵਿੱਚ ਲੱਭਣ ਵਿੱਚ ਮਦਦ ਕਰਦੀ ਹੈ, ਭਾਵੇਂ ਤੁਹਾਨੂੰ ਕੋਈ ਲੱਛਣ ਮਹਿਸੂਸ ਨਾ ਵੀ ਹੋ ਰਹੇ ਹੋਣ। ਜਦੋਂ ਕੈਂਸਰ ਦਾ ਪਤਾ ਜਲਦੀ ਲੱਗ ਜਾਂਦਾ ਹੈ, ਤਾਂ ਇਲਾਜ ਦੇ ਹੋਰ ਵਿਕਲਪ ਉਪਲਬਧ ਹੁੰਦੇ ਹਨ ਅਤੇ ਸਫਲ ਇਲਾਜ ਦੀ ਸੰਭਾਵਨਾ ਵੀ ਵੱਧ ਜਾਂਦੀ ਹੈ। ਇਹ ਸਾਬਤ ਹੋਇਆ ਹੈ ਕਿ ਸ਼ੁਰੂਆਤੀ ਪਛਾਣ ਨਾਲ ਫੇਫੜਿਆਂ ਦੇ ਕੈਂਸਰ ਦੀ ਰੋਗ- ਪਛਾਣ ਵਾਲੇ ਲੋਕਾਂ ਦੇ ਬਚਾਅ ਦੀ ਸੰਭਾਵਨਾ ਵਿੱਚ 20% ਵਾਧਾ ਹੁੰਦਾ ਹੈ।

ਆਪਣੇ CT ਸਕੈਨ ਲਈ ਰੈਫਰਲ ਦਾ ਪ੍ਰਬੰਧ ਕਰਨ ਵਾਸਤੇ ਕਿਰਪਾ ਕਰਕੇ BC Cancer Lung Screening Program ਨਾਲ 1-877-717-5864 'ਤੇ ਸੰਪਰਕ ਕਰੋ। ਇਸ ਕਾਲ ਦੌਰਾਨ ਅਸੀਂ ਤੁਹਾਡਾ ਸਿਹਤ ਰਿਕਾਰਡ ਅੱਪਡੇਟ ਕਰਾਂਗੇ, ਜਿਸ ਵਿੱਚ ਤੁਹਾਡਾ ਸਿਹਤ-ਸੰਭਾਲ ਪ੍ਰਦਾਨਕਰਤਾ ਅਤੇ ਤੁਹਾਡੀ ਸੰਪਰਕ ਜਾਣਕਾਰੀ ਸ਼ਾਮਲ ਹੋਵੇਗੀ। ਕਾਲ ਤੋਂ ਬਾਅਦ ਅਸੀਂ ਤੁਹਾਡਾ ਰੈਫਰਲ ਹਸਪਤਾਲ ਨੂੰ ਭੇਜਾਂਗੇ, ਅਤੇ ਹਸਪਤਾਲ ਤੁਹਾਡੇ ਨਾਲ ਐਪੁਆਇੰਟਮੈਂਟ ਦਾ ਸਮਾਂ ਬੁੱਕ ਕਰਨ ਲਈ ਸੰਪਰਕ ਕਰੇਗਾ। ਕਿਰਪਾ ਕਰਕੇ ਹਸਪਤਾਲ ਨਾਲ ਸਿੱਧਾ ਸੰਪਰਕ ਨਾ ਕਰੋ, ਕਿਉਂਕਿ ਉਹ ਰੈਫਰਲ ਤੋਂ ਬਿਨਾਂ ਤੁਹਾਡੀਐਪੁਆਇੰਟਮੈਂਟਬੁੱਕ ਨਹੀਂ ਕਰ ਸਕਦੇ।

CT ਸਕੈਨ ਲਈ ਰੈਫਰਲ ਦਾ ਪ੍ਰਬੰਧ ਕਰੋ

ਕਿਰਪਾ ਕਰਕੇ CT ਸਕੈਨ ਲਈ ਰੈਫਰਲ ਦਾ ਪ੍ਰਬੰਧ ਕਰਨ ਵਾਸਤੇ BC Cancer Lung Screening ਨੂੰ **1-877-717-5864 '**ਤੇ ਕਾਲ ਕਰੋ। (ਸੋਮਵਾਰ ਤੋਂ ਸ਼ੁੱਕਰਵਾਰ**,** ਸਵੇਰੇ 8:30 ਵਜੇ ਤੋਂ ਸ਼ਾਮ 4:30 ਵਜੇ ਤੱਕ)

ਇਹ ਮਹੱਤਵਪੂਰਨ ਹੈ ਕਿ ਤੁਸੀਂ ਜਲਦੀ ਮੁੜ ਸਕ੍ਰੀਨਿੰਗ ਲਈ ਵਾਪਸ ਆਉਉ। ਫੇਫੜਿਆਂ ਦੀ ਸਕ੍ਰੀਨਿੰਗ ਉਸ ਵੇਲੇ ਸਭ ਤੋਂ ਪ੍ਰਭਾਵਸ਼ਾਲੀ ਹੁੰਦੀ ਹੈ ਜਦੋਂ ਰੇਡੀਉਉਲੋਜਿਸਟ ਸਮੇਂ ਸਮੇਂ ਹੋਏ ਤੁਹਾਡੇ ਸਕੈਨਾਂ ਦੀ ਤੁਲਨਾ ਕਰ ਸਕਦੇ ਹਨ, ਤਾਂ ਜੋ ਉਹ ਤੁਹਾਡੇ ਪਿਛਲੇ ਸਕੈਨ ਤੋਂ ਬਾਅਦ ਹੋਏ ਕਿਸੇ ਵੀ ਛੋਟੇ ਬਦਲਾਅ ਨੂੰ ਦੇਖ ਸਕਣ।

ਜੇ ਤੁਸੀਂ ਸਕ੍ਰੀਨਿੰਗ ਜਾਰੀ ਨਹੀਂ ਰੱਖਣਾ ਚਾਹੁੰਦੇ, ਤਾਂ ਕਿਰਪਾ ਕਰਕੇ ਸਾਡੇ ਨਾਲ ਸੰਪਰਕ ਕਰੋ ਤਾਂ ਜੋ ਭਵਿੱਖ ਵਿੱਚ ਤੁਹਾਨੂੰ ਯਾਦ-ਦਿਹਾਨੀ ਨੋਟਿਸ ਭੇਜਣੇ ਬੰਦ ਕੀਤੇ ਜਾ ਸਕਣ। ਫੇਫੜਿਆਂ ਦੀ ਸਕ੍ਰੀਨਿੰਗ ਬਾਰੇ ਹੋਰ ਜਾਣਕਾਰੀ ਲਈ ਕਿਰਪਾ ਕਰਕੇ screeningbc.ca/lung 'ਤੇ ਜਾਉਉ।

ਮੈਨੂੰ ਉਮੀਦ ਹੈ ਕਿ ਤੁਸੀਂ ਆਪਣੀ ਸਿਹਤ ਦਾ ਧਿਆਨ ਰੱਖੋਗੇ ਅਤੇ ਅੱਜ ਹੀ ਸਕ੍ਰੀਨਿੰਗ ਕਰਵਾਉਣ ਬਾਰੇ ਵਿਚਾਰ ਕਰੋਗੇ।

ਸਤਿਕਾਰ ਸਹਿਤ,

Dr. Stephen Lam
Medical Director, Lung Screening Program

ਜੇ ਤੁਹਾਡਾ ਪਤਾ ਬਦਲ ਗਿਆ ਹੈ, ਤਾਂ ਕਿਰਪਾ ਕਰਕੇ addresschange.gov.bc.ca 'ਤੇ ਜਾਉਉ।

ਫੇਫੜਿਆਂ ਦੀ ਸਕ੍ਰੀਨਿੰਗ ਸਬੰਧੀ ਨੋਟਿਸ Health Gateway 'ਤੇ ਆਨਲਾਈਨ ਉਪਲਬਧ ਹਨ। ਕਿਰਪਾ ਕਰਕੇ healthgateway.gov.bc.ca 'ਤੇ ਜਾਉਉ।

BC Cancer Lung Screening Program
screening@bccancer.bc.ca
1-877-717-5864

Notice ID: XXXXXXXXXXXX

SAMPLE

BC CANCER LUNG SCREENING
Provincial Health Services Authority

ਫੇਫੜਿਆਂ ਦੀ ਸਕ੍ਰੀਨਿੰਗ ਯਾਦ-ਦਿਹਾਨੀ

ਜੇ ਤੁਹਾਨੂੰ ਇਹ ਰਿਪੋਰਟ ਗਲਤੀ ਨਾਲ ਪ੍ਰਾਪਤ ਹੋਈ ਹੈ, ਤਾਂ ਕਿਰਪਾ ਕਰਕੇ ਸਾਨੂੰ 1-877-717-5864 'ਤੇ ਸੂਚਿਤ ਕਰੋ।

BC Cancer ਸਕ੍ਰੀਨਿੰਗ ਸੇਵਾਵਾਂ ਪ੍ਰਦਾਨ ਕਰਨ ਦੇ ਉਦੇਸ਼ ਲਈ, ਜਿਸ ਵਿੱਚ ਸੰਚਾਰ ਸੰਪਰਕ ਅਤੇ ਫਾਲੋ-ਅੱਪ ਸ਼ਾਮਲ ਹਨ, ਅਤੇ ਪ੍ਰੋਗਰਾਮ ਦੇ ਮੁਲਾਂਕਣ ਦੇ ਉਦੇਸ਼ਾਂ ਲਈ ਤੁਹਾਡੀ ਨਿੱਜੀ ਜਾਣਕਾਰੀ ਇਕੱਠੀ ਕਰੇਗਾ ਅਤੇ ਇਸਦੀ ਵਰਤੋਂ ਕਰੇਗਾ। ਇਹ ਜਾਣਕਾਰੀ FIPPA ਦੀ ਧਾਰਾ 26(c) ਅਤੇ (e) ਦੇ ਅਨੁਸਾਰ ਇਕੱਠੀ ਕੀਤੀ ਜਾ ਰਹੀ ਹੈ। ਜੇ ਤੁਹਾਡੀ ਨਿੱਜੀ ਜਾਣਕਾਰੀ ਦੇ ਇਕੱਤਰ ਕਰਨ ਅਤੇ ਇਸਦੀ ਵਰਤੋਂ ਬਾਰੇ ਤੁਹਾਡੇ ਕੋਈ ਸਵਾਲ ਹਨ, ਤਾਂ ਕਿਰਪਾ ਕਰਕੇ screening@bccancer.bc.ca ਨਾਲ ਸੰਪਰਕ ਕਰੋ। ਗੁਪਤਤਾ ਬਾਰੇ ਹੋਰ ਜਾਣਕਾਰੀ ਲਈ ਕਿਰਪਾ ਕਰਕੇ screeningbc.ca 'ਤੇ ਜਾਉਉ।

SAMPLE

BC Cancer Lung Screening Program
screening@bccancer.bc.ca
1-877-717-5864

Notice ID: XXXXXXXXXXXX